Calgary

# ਕੈਲਗਰੀ ਵਾਸੀਆਂ ਲਈ ਸਭ ਤੋਂ ਵੱਧ ਕੀ ਮਾਇਨੇ ਰੱਖਦਾ ਹੈ

**ਕੈਲਗਰੀ ਕੈਨੇਡਾ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਪ੍ਰਮੁੱਖ ਸ਼ਹਿਰ ਹੈ ਅਤੇ ਦੁਨੀਆ ਦੇ ਸਭ ਤੋਂ ਵੱਧ ਰਹਿਣ ਯੋਗ ਸ਼ਹਿਰਾਂ ਵਿੱਚੋਂ ਇੱਕ ਹੈ। 2026 ਵਿੱਚ, ਅਸੀਂ ਉਨ੍ਹਾਂ ਸਿਟੀ ਸੇਵਾਵਾਂ ਵਿੱਚ ਵਧੇਰੇ ਨਿਵੇਸ਼ ਕੀਤਾ ਜੋ ਤੁਹਾਡੇ ਲਈ ਸਭ ਤੋਂ ਵੱਧ ਮਹੱਤਵਪੂਰਨ ਹਨ, ਜਿੰਨ੍ਹਾਂ ਵਿੱਚ ਸ਼ਾਮਲ ਹਨ:**

## ਬੁਨਿਆਦੀ ਢਾਂਚਾ

ਕੈਲਗਰੀ ਦੀਆਂ ਸੜਕਾਂ, ਪਾਰਕਾਂ ਅਤੇ ਸਹੂਲਤਾਂ ਵਿੱਚ ਨਿਵੇਸ਼ ਕਰਨਾ, ਜਿਸ ਵਿੱਚ ਨੌਰਥਈਸਟ ਐਥਲੈਟਿਕ ਕੰਪਲੈਕਸ ਅਤੇ ਇਤਿਹਾਸਕ ਬੈਲਟਲਾਈਨ YMCA ਸ਼ਾਮਲ ਹਨ।





## ਟ੍ਰਾਂਜ਼ਿਟ

ਲੋ ਇਨਕਮ ਟ੍ਰਾਂਜ਼ਿਟ ਪਾਸ ਪ੍ਰੋਗਰਾਮ ਨੂੰ ਫੰਡ ਦੇ ਕੇ ਟ੍ਰਾਂਜ਼ਿਟ ਨੂੰ ਕਿਫਾਇਤੀ ਰੱਖਦੇ ਹੋਏ ਟ੍ਰਾਂਜ਼ਿਟ ਨੈੱਟਵਰਕ ਦਾ ਵਿਸਤਾਰ ਕਰਨਾ।

## ਰਿਹਾਇਸ਼

ਕੈਲਗਰੀ ਦੀ ਰਿਹਾਇਸ਼ੀ ਸਪਲਾਈ ਨੂੰ ਵਧਾਉਣ ਵਿੱਚ ਮਦਦ ਕਰਨ ਲਈ 18,000 ਹੋਰ ਘਰਾਂ ਨੂੰ ਸਮਰੱਥ ਬਣਾਉਣਾ।





## ਜਨਤਕ ਸੁਰੱਖਿਆ

ਡਾਊਨਟਾਊਨ ਵਿੱਚ ਅਤੇ ਟ੍ਰਾਂਜ਼ਿਟ 'ਤੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣਾ। ਬੇਘਰੀ, ਮਾਨਸਿਕ ਸਿਹਤ ਅਤੇ ਨਸ਼ੇ ਸੰਬੰਧੀ ਮੁੱਦਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਸਹਾਇਤਾ ਲਈ ਭਾਈਵਾਲਾਂ ਨਾਲ ਕੰਮ ਕਰਨਾ।

---

ਇਹਨਾਂ ਅਤੇ ਹੋਰ ਨਿਵੇਸ਼ਾਂ ਬਾਰੇ **calgary.ca/ourfinances** 'ਤੇ ਹੋਰ ਜਾਣੋ।

ਮਹੱਤਵਪੂਰਨ ਜਾਣਕਾਰੀ ਇੰਨ੍ਹਾਂ ਵਿੱਚ ਵੀ ਉਪਲਬਧ ਹੈ:

پښتو | 简体中文 | ਪੰਜਾਬੀ | Español | العربية

## ਤੁਹਾਡੇ ਰਿਹਾਇਸ਼ੀ ਟੈਕਸ ਡਾਲਰ ਕਿੱਥੇ ਜਾਂਦੇ ਹਨ*



**58%** ਸਿਟੀ ਔਫ ਕੈਲਗਰੀ ਸੇਵਾਵਾਂ ਨੂੰ ਫੰਡ ਕਰਦਾ ਹੈ

**42%** ਅਲਬਰਟਾ ਸਰਕਾਰ ਨੂੰ ਜਾਂਦਾ ਹੈ

*ਲਗਭਗ

## 2026 ਵਿੱਚ ਇੱਕ ਆਮ ਸਿੰਗਲ-ਫੈਮਿਲੀ ਘਰ (**$706,000** 'ਤੇ ਮੁਲਾਂਕਣ ਕੀਤਾ ਗਿਆ) ਲਈ ਵਾਧਾ:

**+$338** **ਸੂਬਾਈ ਬਜਟ**

ਅਸੀਂ ਸੂਬੇ ਵੱਲੋਂ ਪ੍ਰਾਪਰਟੀ ਟੈਕਸ ਇਕੱਠਾ ਕਰਦੇ ਹਾਂ। **2026 ਵਿੱਚ ਸੂਬਾਈ ਪ੍ਰਾਪਰਟੀ ਟੈਕਸ ਵਿੱਚ 21% ਦਾ ਵਾਧਾ ਹੋਇਆ**, 2025 ਵਿੱਚ 15.6% ਤੋਂ ਵੱਧ।

alberta.ca/budget 'ਤੇ ਹੋਰ ਜਾਣੋ।

**+$49** **ਸਿਟੀ ਦਾ ਬਜਟ ਅਤੇ ਪ੍ਰਾਪਰਟੀ ਦਾ ਮੁਲਾਂਕਣ**

**2026 ਵਿੱਚ ਸਿਟੀ ਦੇ ਪ੍ਰਾਪਰਟੀ ਟੈਕਸ ਵਿੱਚ 1.8% ਦਾ ਵਾਧਾ ਹੋਇਆ, 2025 ਵਿੱਚ 5.6% ਤੋਂ ਘੱਟ।**

ਪ੍ਰਾਪਰਟੀ ਟੈਕਸ ਵਿੱਚ ਵਾਧਾ ਸ਼ਹਿਰ ਦੀਆਂ ਸੇਵਾਵਾਂ ਜਿਵੇਂ ਕਿ ਪੁਲਿਸ, ਫਾਇਰ ਅਤੇ ਟ੍ਰਾਂਜ਼ਿਟ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

calgary.ca/budget 'ਤੇ ਹੋਰ ਜਾਣੋ।

**$387** **ਕੁੱਲ ਵਾਧਾ**



## ਤੁਹਾਡੇ ਪ੍ਰਾਪਰਟੀ ਟੈਕਸ ਵਿੱਚ ਤਬਦੀਲੀ ਤੁਹਾਡੀ ਪ੍ਰਾਪਰਟੀ ਦੇ ਮੁੱਲ 'ਤੇ ਨਿਰਭਰ ਕਰਦੀ ਹੈ।

ਆਪਣੀ ਪ੍ਰਾਪਰਟੀ-ਵਿਸ਼ੇਸ਼ ਟੈਕਸ ਤਬਦੀਲੀ ਪ੍ਰਾਪਤ ਕਰਨ ਲਈ **calgary.ca/taxcalculator** 'ਤੇ ਜਾਓ ਅਤੇ ਆਪਣੀ ਪ੍ਰਾਪਰਟੀ ਦਾ ਮੁਲਾਂਕਣ ਮੁੱਲ (ਤੁਹਾਡੇ ਟੈਕਸ ਬਿੱਲ ਦੇ ਉੱਪਰਲੇ ਹਿੱਸੇ 'ਤੇ ਪਾਇਆ ਜਾਂਦਾ ਹੈ) ਦਰਜ ਕਰੋ।

26-0054788 - CRV-45596